# ਦਫਤਰ ਉਪ ਕਮਿਸ਼ਨਰ ਰਾਜ ਕਰ ਜਲੰਧਰ ਮੰਡਲ ਜਲੰਧਰ

## (ਨਿਲਾਮੀ ਨੋਟਿਸ)

**ਆਬਕਾਰੀ ਤੇ ਕਰ ਵਿਭਾਗ,ਜਲੰਧਰ ਮੰਡਲ ਦੀ ਵਿਭਾਗੀ ਬਿਲਡਿੰਗ(ਜੀ.ਐਸ.ਟੀ ਭਵਨ) ਵਿੱਚ ਬਣੀ ਕੰਟੀਨ ਦੇ ਠੇਕੇ ਦੀ ਨਿਲਾਮੀ ਸਬੰਧੀ।**

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਤੇ ਕਰ ਵਿਭਾਗ,ਜਲੰਧਰ ਮੰਡਲ ਦੀ ਵਿਭਾਗੀ ਬਿਲਡਿੰਗ(ਜੀ.ਐਸ.ਟੀ ਭਵਨ) ਵਿੱਚ ਬਣੀ ਕੰਟੀਨ ਦੇ ਠੇਕੇ ਦੀ ਨਿਲਾਮੀ ਸਾਲ 2025-26 (01.04.2025 ਤੋਂ 31.03.2026 ਤੱਕ ਦੇ ਸਮੇਂ ਲਈ) ਬੰਦ ਲਿਫਾਫੇ ਵਿੱਚ ਕੁਟੈਸ਼ਨਾਂ ਮੰਗੀਆਂ ਜਾਂਦੀਆਂ ਹਨ। ਇਹ ਕੁਟੈਸ਼ਨਾ ਮਿਤੀ 12/03/2025 ਨੂੰ ਸਮਾਂ ਸਵੇਰੇ 11.30 ਵਜੇ ਮਾਣਯੋਗ ਉਪ ਕਮਿਸ਼ਨਰ ਰਾਜ ਕਰ, ਜਲੰਧਰ ਮੰਡਲ, ਜਲੰਧਰ ਜੀ ਦੀ ਪ੍ਰਧਾਨਗੀ ਹੇਠ ਬਣੀ ਵਿਭਾਗੀ ਕਮੇਟੀ ਦੇ ਸਾਹਮਣੇ ਖੋਲੀਆਂ ਜਾਣਗੀਆਂ।

ਹਰ ਕੁਟੈਸ਼ਨਕਰਤਾ ਨੂੰ ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਆਪਣੀ ਦਰਖਾਸਤ/ਕੁਟੈਸ਼ਨ ਅਤੇ ਹੇਠ ਅਨੁਸਾਰ ਸਕਿਉਰਟੀ ਰਕਮ 25000/- ਰੁਪਏ ਦਾ ਬੈਂਕ ਡਰਾਫਟ ਜੋ ਕਿ DEPUTY COMMISSIONER STATE TAX, JALANDHAR DIVISION, JALANDHAR ਦੇ ਪੱਖ ਵਿਚ ਹੋਵੇ, ਜੋ ਕਿ ਦਫਤਰ ਉਪ ਕਮਿਸ਼ਨਰ ਰਾਜ ਕਰ, ਜਲੰਧਰ ਮੰਡਲ (ਨਜ਼ਾਰਤ ਸ਼ਾਖਾ) ਪਹਿਲੀ ਮੰਜਿਲ, ਜੀ.ਐਸ.ਟੀ ਭਵਨ ਵਿੱਚ ਨਿਲਾਮੀ ਦੀ ਮਿਤੀ ਤੋਂ ਇੱਕ ਦਿਨ ਪਹਿਲਾ ਜਮ੍ਹਾਂ ਕਰਵਾਉਣਾ ਹੋਵੇਗਾ।

-ਸਹੀ-

**ਉਪ ਕਮਿਸ਼ਨਰ ਰਾਜ ਕਰ**
**ਜਲੰਧਰ ਮੰਡਲ ਜਲੰਧਰ**

## ਉਪਰੋਕਤ ਮੱਦਾਂ ਦੀ ਨਿਲਾਮੀ ਲਈ ਹੇਠ ਲਿਖਿਆਂ ਸ਼ਰਤਾ ਲਾਜ਼ਮੀ ਹੋਣਗੀਆਂ:-

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਤੇ ਕਰ ਵਿਭਾਗ,ਜਲੰਧਰ ਮੰਡਲ ਦੀ **ਵਿਭਾਗੀ ਬਿਲਡਿੰਗ(ਜੀ.ਐਸ.ਟੀ ਭਵਨ)** ਵਿੱਚ ਬਣੀ ਕੰਟੀਨ ਦੇ ਠੇਕੇ ਦੀ ਨਿਲਾਮੀ **ਸਾਲ 2025-26 (01.04.2025 ਤੋਂ 31.03.2026 ਤੱਕ ਦੇ ਸਮੇਂ ਲਈ)** ਬੰਦ ਲਿਫਾਫੇ ਵਿੱਚ ਕੂਟੈਸ਼ਨਾਂ ਮੰਗੀਆਂ ਜਾਦੀਆਂ ਹਨ। ਇਹ ਕੂਟੈਸ਼ਨਾ ਮਿਤੀ 12.03.2025 ਸਮਾਂ ਸਵੇਰੇ 11.30 ਵਜੇ ਮਾਣਯੋਗ ਉਪ ਕਮਿਸ਼ਨਰ ਰਾਜ ਕਰ, ਜਲੰਧਰ ਮੰਡਲ, ਜਲੰਧਰ ਜੀ ਦੀ ਪ੍ਰਧਾਨਗੀ ਹੇਠ ਬਣੀ ਵਿਭਾਗੀ ਕਮੇਟੀ ਦੇ ਸਾਹਮਣੇ ਖੋਲੀਆਂ ਜਾਣਗੀਆ।

1. ਹਰ ਕੁਟੈਸ਼ਨਕਰਤਾ ਨੂੰ ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਆਪਣੀ ਦਰਖਾਸਤ ਅਤੇ ਹੇਠ ਅਨੁਸਾਰ ਸਕਿਊਰਟੀ ਰਕਮ ਦਾ ਬੈਂਕ ਡਰਾਫਟ ਜੋ ਕਿ **DEPUTY COMMISSIONER STATE TAX, JALANDHAR DIVISION, JALANDHAR ਦੇ ਪੱਖ ਵਿਚ ਹੋਵੇ ਅਤੇ ਦਫਤਰ ਉਪ ਕਮਿਸ਼ਨਰ ਰਾਜ ਕਰ, ਜਲੰਧਰ ਮੰਡਲ (ਨਜ਼ਾਰਤ ਸ਼ਾਖਾ) ਪਹਿਲੀ ਮੰਜਿਲ, ਜੀ.ਐਸ.ਟੀ ਭਵਨ ਵਿੱਚ ਨਿਲਾਮੀ ਦੀ ਮਿਤੀ ਤੋਂ ਇੱਕ ਦਿਨ ਪਹਿਲਾ ਜਮ੍ਹਾਂ ਕਰਵਾਉਣਾ ਹੋਵੇਗਾ।**

| ਲੜੀ ਨੰ: | ਠੇਕੇ ਦੀ ਮੱਦ | ਠੇਕੇ ਦੀ ਰਾਖਵੀਂ ਰਕਮ (ਸਲਾਨਾਂ) | ਸਕਿਊਰਟੀ ਦੀ ਰਕਮ |
|---|---|---|---|
| 1 | ਕੰਟੀਨ | 110000 | 25000/- |

2 **ਇਸ ਨਿਲਾਮੀ ਦੀਆਂ ਸ਼ਰਤਾਂ ਕੁਟੈਸ਼ਨਕਰਤਾਵਾਂ ਵੱਲੋਂ ਦਫਤਰ ਉਪ ਕਮਿਸ਼ਨਰ ਰਾਜ ਕਰ (ਨਜ਼ਾਰਤ ਸ਼ਾਖਾ) ਪਹਿਲੀ ਮੰਜਿਲ, ਜੀ.ਐਸ.ਟੀ ਭਵਨ ਵਿਖੇ ਕੰਮ ਵਾਲੇ ਦਿਨ 09.00 ਵਜੇ ਤੋਂ 05.00 ਵਜੇ ਤੱਕ ਦੇਖੀਆਂ ਜਾ ਸਕਦੀਆਂ ਹਨ। ਇਸ ਟੈਂਡਰ ਨੋਟਿਸ ਨਾਲ ਸਬੰਧੰਤ ਜੇਕਰ ਕੋਈ ਕੋਰੀਜੰਡਮ/ਸੋਧ ਹੋਈ ਤਾਂ ਪੰਜਾਬ ਸਰਕਾਰ ਦੇ ਸੰਬੰਧਤ ਵਿਭਾਗ ਦੀ ਵੈਬਸਾਈਟ ਤੇ ਹੀ ਅਪਲੋਡ ਕੀਤੀ ਜਾਵੇਗੀ ਤੇ ਇਸ ਸਬੰਧੀ ਵਖਰੇ ਤੋਰ ਤੇ ਕੋਈ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ।ਨਿਲਾਮੀ ਸਬੰਧੀ ਸ਼ਰਤਾਂ ਮੌਕੇ ਤੇ ਕੂਟੇਸ਼ਨਕਰਤਾਵਾਂ ਨੂੰ ਦੱਸੀਆਂ ਜਾਣਗੀਆਂ।**

3 **ਕੰਟੀਨ ਖੋਲਣ ਦਾ ਸਮਾਂ ਸਵੇਰੇ 09:00 ਵਜੇ ਤੋਂ ਸ਼ਾਮ 06:00 ਵਜੇ ਤੱਕ ਦਾ ਹੋਵੇਗਾ ਅਤੇ ਜੇਕਰ ਅਫਸਰ ਸਾਹਿਬਾਨ ਜੀ ਵੱਲੋਂ ਕੋਈ ਅਚਨਚੇਤ ਮੀਟਿੰਗ ਦਿਨ ਸ਼ਨੀਵਾਰ ਜਾਂ ਐਤਵਾਰ ਅਤੇ ਜਾ ਕਿਸੇ ਸਰਕਾਰੀ ਛੁੱਟੀ ਵਾਲੇ ਦਿਨ ਰੱਖੀ ਜਾਂਦੀ ਹੈ ਤਾਂ ਕੰਟੀਨ ਖੋਲਣ ਲਈ ਪਾਬੰਦ ਰਹੇਗਾ।**

4 **ਅਜਿਹਾ ਕੋਈ ਵੀ ਵਿਅਕਤੀ ਜਿਸ ਵੱਲ ਪਹਿਲਾ ਹੀ ਪੰਜਾਬ ਸਰਕਾਰ ਦਾ ਕੋਈ ਬਕਾਇਆ ਹੋਵੇਗਾ ਜਾਂ ਕੋਈ ਵਿਅਕਤੀ ਵੀ ਵਿਅਕਤੀ ਪੰਜਾਬ ਸਰਕਾਰ ਦੇ ਕਿਸੇ ਵੀ ਸਰਕਾਰੀ, ਗੈਰ-ਸਰਕਾਰੀ ਵਿਭਾਗ ਵੱਲੋਂ ਬਲੈਕ ਲਿਸਟਿਡ ਹੋਵੇਗਾ, ਉਸਦੀ ਕੁਟੈਸ਼ਨ ਮੰਨਜੂਰ ਨਹੀ ਕੀਤੀ ਜਾਵੇਗੀ। ਇਸ ਸਬੰਧ ਵਿਚ ਕੁਟੈਸ਼ਨਕਰਤਾ ਹਲਫੀਆ ਬਿਆਨ ਪੇਸ਼ ਕਰੇਗਾ ਕਿ ਉਹ ਕਿਸੇ ਸਰਕਾਰੀ ਜਾ ਗੈਰ ਸਰਕਾਰੀ ਦਫਤਰ ਦਾ ਦੇਣਦਾਰ/ਡਿਫਾਲਟਰ ਨਹੀਂ ਹੈ।**

5 **ਸਫਲ ਕੁਟੈਸ਼ਨਾ ਨੂੰ ਅੰਤਿਮ ਮੰਨਜੂਰ ਹੋਈ ਕੁਟੈਸ਼ਨ ਦਾ 50 ਪ੍ਰਤੀਸ਼ਤ ਨਿਲਾਮੀ ਦੀ ਕਾਰਵਾਈ ਮੁਕੰਮਲ ਹੋਣ ਉਪਰੰਤ 48 ਘੰਟੇ ਵਿੱਚ ਜਮਾਂ ਕਰਵਾਉਣਾ ਹੋਵੇਗਾ। ਇਸ ਰਕਮ ਦੀ ਨਿਯਤ ਸਮੇਂ ਅੰਦਰ ਅਦਾਇਗੀ ਨਾ ਕੀਤੇ ਜਾਣ ਦੀ ਸੂਰਤ ਵਿਚ ਕਾਮਯਾਬ ਕੁਟੈਸ਼ਨ ਕਰਤਾ ਦੇ ਨਾਮ ਕੀਤਾ ਗਿਆ ਠੇਕਾ ਬਿਨ੍ਹਾਂ ਕਿਸੇ ਨੋਟਿਸ ਤੋਂ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਵੱਲੋਂ ਜਮਾਂ ਕਰਵਾਈ ਗਈ ਸਕਿਊਰਟੀ ਰਾਸ਼ੀ ਅਤੇ ਹੋਰ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਅਗਲੇ ਕਾਮਯਾਬ ਕੁਟੈਸ਼ਨਕਰਤਾ ਨੂੰ ਉੱਚਤਮ ਕੁਟੈਸ਼ਨ ਦੇ ਰੇਟਾਂ ਤੇ ਠੇਕੇ ਦੀ ਆਫਰ ਕੀਤੀ ਜਾਵੇਗੀ।ਸਫਲ ਕੁਟੈਸ਼ਨਕਰਤਾ ਵੱਲੋਂ ਅੰਤਿਮ ਮੰਨਜੂਰ ਹੋਈ ਬੋਲੀ ਦੀ ਬਕਾਇਆ ਬਚਦੀ ਰਕਮ ਦੇ (ਜੋ ਕਿ 50 ਪ੍ਰਤੀਸ਼ਤ) ਦੇ ਦੋ ਬਰਾਬਰ ਹਿੱਸਿਆ ਦੀ ਰਕਮ 02 ਕਿਸਤਾ ਵਿੱਚ ਮਹੀਨਾ ਅਗਸਤ-2025 ਅਤੇ ਨਵੰਬਰ-2025 ਵਿੱਚ ਦਫਤਰ ਵਿੱਚ ਜਮਾਂ ਕਰਵਾਉਣ ਦਾ ਪਾਬੰਧ ਹੋਵੇਗਾ। ਸਫਲ ਕੁਟੈਸ਼ਨਕਰਤਾ ਵੱਲੋਂ ਇਸ**

ਸਬੰਧੀ 02 ਪੋਸਟ ਡੇਟਿਡ ਚੈੱਕ ਦੋ ਦਿਨਾਂ ਦੇ ਅੰਦਰ-2 ਹਰ ਪੱਖੋਂ ਮੁਕੰਮਲ (ਸ਼ਾਫ ਹਸਤਾਖਰ ਆਦਿ) ਸਕਿਊਰਟੀ ਵਜੋਂ ਇਸ ਦਫਤਰ ਵਿੱਚ ਜਮਾਂ ਕਰਵਾਉਣੇ ਹੋਣਗੇ।

6 ਠੇਕੇ ਦੀ ਮਿਆਦ 01 ਅਪ੍ਰੈਲ 2025 ਤੋਂ 31 ਮਾਰਚ 2026 ਤੱਕ ਹੋਵੇਗੀ ਅਤੇ 31 ਮਾਰਚ 2026 ਸ਼ਾਮ 05:00 ਵਜੇ ਤੋਂ ਬਾਅਦ ਠੇਕੇਦਾਰ ਆਪਣਾ ਸਮਾਨ ਦਫਤਰੀ ਕੰਪਲੈਕਸ ਵਿਚ ਰੱਖਣ ਦਾ ਕੋਈ ਅਖਤਿਆਰ ਨਹੀ ਹੋਵੇਗਾ। ਜੇਕਰ ਕੋਈ ਵਿਅਕਤੀ ਕਿਸੇ ਕਾਰਨ ਸਮੇਂ ਤੋਂ ਪਹਿਲਾਂ ਠੇਕਾ ਛੱਡੇਗਾ ਤਾਂ ਉਹ ਠੇਕਾ ਛੱਡਣ ਤੋਂ ਇੱਕ ਮਹੀਨਾ ਪਹਿਲਾ ਇਸ ਸਬੰਧੀ ਨੋਟਿਸ ਦੇਵੇਗਾ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਉਸ ਮਿਤੀ ਤੱਕ ਕਿਰਾਇਆ ਦੇਣ ਦਾ ਪਾਬੰਧ ਹੋਵੇਗਾ ਜਿਸ ਮਿਤੀ ਨੂੰ ਉਹ ਕੰਟੀਨ ਦਾ ਕਬਜਾ ਛੱਡੇਗਾ ਅਤੇ ਉਸਦੀ ਨਿਲਾਮੀ ਸਮੇ ਜਮਾਂ ਕਰਵਾਈ ਸਕਿਊਰਟੀ ਰਕਮ ਜ਼ਬਤ ਕਰ ਲਈ ਜਾਵੇਗੀ।

7 ਕੰਟੀਨ ਵਿੱਚ ਰੱਖੀਆ ਜਾਣ ਵਾਲੀਆਂ ਚੀਜ਼ਾਂ ਸੁੱਧ ਅਤੇ ਨਿਸ਼ਚਿਤ ਮਾਤਰਾ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਪਾਸੋ ਅਚਨਚੇਤ ਚੈਕਿੰਗ ਵੀ ਕਰਵਾਈ ਜਾਇਆ ਕਰੇਗੀ।

8 ਕੋਈ ਵੀ ਠੇਕੇਦਾਰ ਆਪਣੀ ਮੱਦਦ ਲਈ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੰਮ ਤੇ ਨਹੀਂ ਰੱਖੇਗਾ।

9 ਕੰਟੀਨ ਦਾ ਠੇਕੇਦਾਰ ਕੰਟੀਨ ਦੇ ਆਲੇ ਦੁਆਲੇ ਦੀ ਸਫਾਈ ਨੂੰ ਯਕੀਨੀ ਬਣਾਉਣਗੇ ਅਤੇ ਕਿਸੇ ਵੀ ਪ੍ਰਤੀਬੰਧਿਤ ਸਮਾਨ, ਪਾਲੀਥੀਨ ਬੈਗਜ਼ ਆਦਿ ਦੀ ਵਰਤੋਂ ਨਹੀ ਕਰੇਗਾ।

10 ਠੇਕੇਦਾਰ ਵੱਲੋਂ ਵਿਭਾਗੀ ਬਿਲਡਿੰਗ ਵਿੱਚ ਆਉਣ ਵਾਲੀ ਪਬਲਿਕ ਨੂੰ ਵੇਚੀਆਂ/ਮੁੱਹਈਆ ਕੀਤੀਆ ਜਾਣ ਵਾਲੀਆਂ ਵਸਤਾਂ/ਸੇਵਾਵਾਂ ਦੀ ਕੀਮਤ ਬੋਲੀ ਦੇ ਸਮੇਂ ਘੋਸ਼ਿਤ ਕੀਤੀ ਜਾਵੇਗੀ ਅਤੇ ਠੇਕੇਦਾਰ ਉਸ ਦਾ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਸਬੰਧਿਤ ਠੇਕੇਦਾਰ ਇਸ ਦਫਤਰ ਵੱਲੋਂ ਨਿਰਧਾਰਤ ਕੀਤੇ ਗਏ ਰੇਟਾਂ ਨੂੰ ਦਰਸ਼ਾਉਦੀ ਹੋਈ ਲਿਸਟ ਵੱਡੇ ਬੋਰਡ ਤੇ ਲਿਖਵਾ ਕੇ ਵਿਭਾਗੀ ਬਿਲਡਿੰਗ ਦੇ ਐਂਟਰੀ ਤੋਂ ਇਲਾਵਾ ਆਪਣੇ ਕਾਊਂਟਰ ਤੇ ਵੀ ਲਗਾਏਗਾ।

11 ਬਾਕੀ ਦੀਆਂ ਸ਼ਰਤਾਂ ਮੌਕੇ ਤੇ ਹੀ ਪੜ੍ਹ ਕੇ ਸੁਣਾਈਆਂ ਜਾਣਗੀਆਂ ਜੋ ਕਿ ਸਬੰਧਤ ਕੁਟੈਸ਼ਨਕਰਤਾਵਾਂ ਨੂੰ ਮੰਨਣੀਆਂ ਪੈਣਗੀਆਂ।

12 ਠੇਕੇਦਾਰ ਨੂੰ ਬਿਜਲੀ ਦਾ ਸਬ-ਮੀਟਰ ਕੰਟੀਨ ਸੁਰੂ ਹੋਣ ਤੋਂ ਪਹਿਲਾ ਆਪਣੇ ਖਰਚੇ ਤੇ ਲਗਵਾਏਗਾ, ਬਣਦੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਕਰਨ ਦਾ ਪਾਬੰਦ ਹੋਵੇਗਾ ਅਤੇ ਬਾਅਦ ਵਿਚ ਇਸ ਦਫਤਰ ਪਾਸ ਪੁਰਾਣੇ ਬਿਜਲੀ ਅਤੇ ਹੋਰ ਖਰਚਿਆਂ ਸਬੰਧੀ ਕੋਈ ਕਲੇਮ ਨਹੀਂ ਕਰੇਗਾ।

13 ਸਰਕਾਰ ਵਲੋ ਸਮੇ ਸਮੇ ਤੇ ਲਗਾਇਆ ਗਿਆ ਕਿਸੇ ਵੀ ਕਿਸਮ ਦਾ ਟੈਕਸ ਠੇਕੇਦਾਰ ਜਮ੍ਹਾ ਕਰਵਾਉਣ ਦੇ ਜਿੰਮੇਵਾਰ ਹੋਵੇਗਾ ।

14 ਹਰ ਠੇਕੇਦਾਰ/ਕੁਟੈਸ਼ਨਕਰਤਾ ਨੂੰ ਆਪਣੀ ਇਨਕਮ ਟੈਕਸ ਪੈਨ ਕਾਰਡ਼ ਦੀ ਸਵੈ ਤਸਦੀਕਸ਼ੁਦਾ ਫੋਟੋਕਾਪੀ, ਆਧਾਰ ਕਾਰਡ ਦੀ ਕਾਪੀ ਵੀ ਦੇਣੀ ਹੋਵੇਗੀ। ਜੇਕਰ ਕੁਟੈਸ਼ਨਕਰਤਾਵਾ ਵਲੋ ਉਕਤ ਦਸਤਾਵੇਜ ਇਸ ਦਫਤਰ ਪਾਸ ਜਮ੍ਹਾਂ ਨਹੀਂ ਕਰਵਾਏ ਜਾਂਦੇ ਤਾਂ ਉਸ ਨੂੰ ਅਲਾਟਮੈਂਟ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਸ ਵਲੋਂ ਜਮ੍ਹਾ ਕਰਵਾਈ ਗਈ ਸਕਿਊਰਿਟੀ ਦੀ ਰਕਮ ਜਬਤ ਕਰ ਲਈ ਜਾਵੇਗੀ ।

15 ਕੁਟੈਸ਼ਨਕਾਰ,ਨਿਲਾਮੀ ਤੋਂ ਪਹਿਲਾਂ ਵਿਭਾਗੀ ਬਿਲਡਿੰਗ ਵਿਚ ਚਲ ਰਹੇ ਠੇਕਿਆਂ ਦੇ ਹਲਾਤਾਂ ਬਾਰੇ ਜਾਣਕਾਰੀ ਰੱਖਣ ਦਾ ਖੁੱਦ ਜਿੰਮੇਵਾਰ ਹੋਵੇਗਾ । ਵਿਭਾਗ ਵਲੋਂ ਇਸ ਸਬੰਧ ਵਿਚ ਹਰ ਸੰਭਵ ਲੋੜੀਂਦੀ ਸਹੂਲਤ ਦਿੱਤੀ ਜਾਵੇਗੀ । ਠੇਕੇਦਾਰ ਦੇ ਵਪਾਰ ਵਿੱਚ ਹੋਣ ਵਾਲੀ ਲਾਭ /ਹਾਨੀ ਦਾ ਠੇਕੇਦਾਰ ਖੁਦ ਜਿੰਮੇਵਾਰ ਹੋਵੇਗਾ।

16 ਠੇਕੇਦਾਰ ਨੂੰ ਠੇਕਾ ਮਿਲਣ ਦੇ 03 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਵਿਚ ਲੀਜ , ਡੀਡ , ਸਕਿਊਰਿਟੀ ਬਾਂਡ ਦੇ ਨਾਲ ਨਾਲ ਆਧਾਰ ਕਾਰਡ ਦੀ ਕਾਪੀ ਜਮ੍ਹਾ ਕਰਵਾਉਂਣੀ ਹੋਵੇਗੀ । ਜੇਕਰ ਮਿਥੇ ਸਮੇਂ ਅੰਦਰ

ਸ਼ਿਉਰਿਟੀ ਬਾਂਡ ਜਮ੍ਹਾ ਨਹੀਂ ਕਰਵਾਇਆ ਜਾਂਦਾ ਤਾ ਉਸ ਨੂੰ ਅਲਾਟਮੈਂਟ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ।

17 ਠੇਕੇਦਾਰ ਵਲੋ ਨਿਲਾਮੀ ਦੀਆਂ ਉਕਤ ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਅਤੇ ਸਮੇਂ ਸਿਰ ਕਿਰਾਇਆ ਨਾ ਦੇਣ ਦੀ ਸੂਰਤ ਵਿਚ ਠੇਕੇਦਾਰ ਦੇ ਖਿਲਾਫ ਕਾਨੂੰਨੀ/ਡੀਫਾਲਟਰ ਹੋਣ ਦੀ ਸੂਰਤ ਵਿਚ ਠੇਕੇ ਦੀ ਬਕਾਇਆ ਰਕਮ ਭੋਂ ਮਾਲੀਆ ਐਕਟ ਤਹਿਤ ਵਸੂਲ ਕਰਨ ਲਈ ਕਾਰਵਾਈ ਕਰਨ ਦਾ ਹੱਕ ਉਪ ਕਮਿਸ਼ਨਰ ਰਾਜ ਕਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਹੋਵੇਗਾ ।

18 ਜੇਕਰ ਕੋਈ ਭਵਿੱਖ ਵਿਚ ਹੜਤਾਲਾਂ ਜਾ ਦਫਤਰੀ ਕੰਮ ਵਿਚ ਅਚਨਚੇਤ ਕੋਈ ਛੁੱਟੀਆ ਜਾ ਕੋਈ ਕੁਦਰਤੀ ਆਪਦਾ ਆਉਂਦੀਆਂ ਹਨ ਤਾਂ ਅਲਾਟੀ ਇਸ ਦਫਤਰ ਪਾਸ ਕੁਟੇਸ਼ਨ ਦੀ ਰਕਮ ਘਟਾਉਣ ਜਾਂ ਮੁਆਫ ਕਰਨ ਸਬੰਧੀ ਕੋਈ ਕਲੇਮ ਨਹੀਂ ਕਰੇਗਾ ।

19 ਠੇਕੇਦਾਰ ਕੰਟੀਨ ਦੀ ਸਜਾਵਟ / ਸਫੈਦੀ ਆਰਜੀ ਤੌਰ ਤੇ ਆਪਣੇ ਪੱਧਰ ਤੇ ਆਪਣੇ ਖਰਚ ਤੇ ਕਰ ਸਕਦਾ ਹੈ ਪਰੰਤੂ ਕੰਟੀਨ ਵਿੱਚ ਕਿਸੇ ਵੀ ਕਿਸਮ ਦੀ ਤੋੜ-ਭੰਨ ਦੇ ਕੰਮ ਕਰਨ ਦੀ ਇਜਾਜਤ ਨਹੀਂ ਹੋਵੇਗੀ।

20 ਠੇਕੇਦਾਰ ਲੇਬਰ ਐਕਟ ਅਤੇ ਹੋਰ ਕੋਈ ਮੌਜੂਦਾ ਐਕਟ ਜੋ ਲਾਗੂ ਹੁੰਦਾ ਹੋਵੇ ਦੀ ਪਾਲਣਾ ਕਰਨ ਲਈ ਪਾਬੰਧ ਹੋਵੇਗਾ ਅਤੇ ਜੇਕਰ ਕਿਸੇ ਵੀ ਸਬੰਧਤ ਐਕਟ ਦੀ ਉਲੰਘਣਾ ਕਰਦਾ ਹੈ ਤਾਂ ਸਬੰਧਤ ਵਿਭਾਗ ਜਾਂ ਨਿਮਨਹਸਤਾਖਰ ਵਲੋ ਉਸ ਦੇ ਖਿਲਾਫ ਨਿਯਮਾਂ ਅਨੁਸਾਰ ਲੋੜੀਦੀ ਕਾਰਵਾਈ ਕੀਤੀ ਜਾਵੇਗੀ। ਠੇਕੇਦਾਰ ਕੰਟੀਨ ਵਿਚ ਕੰਮ ਕਰਦੇ ਮਜਦੂਰ / ਕਾਮਿਆ ਦਾ ਕਾਨੂੰਨ ਅਨੁਸਾਰ ਬਣਦਾ ਈ ਪੀ ਐਫ / ਈ ਐਸ ਆਈ ਜਮ੍ਹਾ ਕਰਵਾਉਣ ਦਾ ਖੁੱਦ ਜਿੰਮੇਵਾਰ ਹੋਵੇਗਾ ।

21 ਠੇਕੇਦਾਰ ਵਲੋਂ ਠੇਕੇ ਦੇ ਸਮੇ (ਮਿਤੀ 01.04.2025 ਤੋਂ 31.03.2026 ਤੱਕ) ਦੌਰਾਨ ਠੇਕੇ ਦੀ ਰਕਮ ਵਿਚ ਰਿਆਇਤ ਲੈਣ ਲਈ ਦਿੱਤੀ ਗਈ ਕਿਸੇ ਵੀ ਕਿਸਮ ਕੋਈ ਵੀ ਦਰਖਾਸਤ/ਬਿਨੈ-ਪੱਤਰ ਪਰ ਵਿਚਾਰ ਨਹੀਂ ਕੀਤਾ ਜਾਵੇਗਾ।

22 ਠੇਕੇਦਾਰ ਕੋਲ ਕੰਟੀਨ ਦੇ ਠੇਕੇ ਨੂੰ ਅੱਗੇ ਕਿਰਾਏ ਤੇ ਦੇਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

23 ਸਫਲ ਕੁਟੈਸ਼ਨਕਰਤਾ/ਠੇਕੇਦਾਰ ਸਰਕਾਰ ਦੇ ਬਣਦੇ ਸਾਰੇ ਟੈਕਸ ਸਮੇਂ ਸਿਰ ਜਮਾਂ ਕਰਵਾਉਣ ਦਾ ਪਾਬੰਧ ਹੋਵੇਗਾ।

24 ਉਪਰੋਕਤ ਸ਼ਰਤਾ ਵਿੱਚ ਵਾਧਾ/ਸੋਧ ਕਰਨ ਦਾ ਅਧਿਕਾਰ ਮਾਨਯੋਗ ਉਪ ਕਮਿਸ਼ਨਰ ਰਾਜ ਕਰ, ਜਲੰਧਰ ਮੰਡਲ, ਜਲੰਧਰ (ਚੇਅਰਮੈਨ) ਜੀ ਪਾਸ ਹੋਵੇਗਾ।

ਉਪ ਕਮਿਸ਼ਨਰ ਰਾਜ ਕਰ
ਜਲੰਧਰ ਮੰਡਲ ਜਲੰਧਰ